Weekly

# CANADA SIKH TIMES

29 June - 5 July 2025

ਕੈਨੇਡਾ ਸਿੱਖ ਟਾਈਮਜ਼

Volume 3 Issue 26

• RELIGION • CULTURE • HERITAGE • BUSINESS

## Teghbir Singh Creates World Record by Climbing Europe’s Highest Peak



In a remarkable feat of courage and determination, 6-year and 9-month-old Teghbir Singh, son of Sukhinderdeep Singh, has set a new world record by successfully summiting Mount Elbrus, the highest peak in Europe, located in Russia. This achievement breaks the previous record held by a 7-year and 3-month-old climber, making Teghbir the youngest person in the world to conquer this formidable mountain. His accomplishment stands as a testament to youthful grit and dedication, inspiring many across the globe. His historic climb has brought immense pride to India and the global Sikh community.

## ਪਿਓ-ਪੁੱਤਰ ਨੇ ਬੇ ਏਰੀਆ ਸੀਨੀਅਰ ਗੇਮਜ਼-2025 ’ਚ ਦਿਖਾਈ ਸ਼ਾਨਦਾਰ ਖੇਡ ਪ੍ਰਸਤੁਤੀ



ਫਰਿਜ਼ਨੋ ਨਿਵਾਸੀ ਸ. ਰਣਧੀਰ ਸਿੰਘ ਵਿਰਕ (ਉਮਰ 86 ਸਾਲ) ਅਤੇ ਉਹਨਾਂ ਦੇ ਪੁੱਤਰ ਅਮਰਜੀਤ ਸਿੰਘ ਵਿਰਕ (ਉਮਰ 61 ਸਾਲ) ਨੇ ਸੈਨ ਮਾਟੀਓ ਸਿਟੀ ਕਾਲਜ ਦੇ ਟਰੈਕ ਐਂਡ ਫੀਲਡ ਸਟੇਡੀਅਮ ਵਿੱਚ ਹੋਈ ਬੇ-ਏਰੀਆ ਸੀਨੀਅਰ ਗੇਮਜ਼-2025 ਵਿੱਚ ਭਾਗ ਲੈ ਕੇ ਪੰਜਾਬੀ ਭਾਈਚਾਰੇ ਅਤੇ ਫਰਿਜ਼ਨੋ ਖੇਤਰ ਦਾ ਮਾਣ ਵਧਾਇਆ। 3 ਚਾਂਦੀ ਦੇ ਤਮਗੇ- ਹੈਮਰ ਥ੍ਰੋ, ਡਿਸਕਸ ਥ੍ਰੋ, ਅਤੇ ਸ਼ਾਟ ਪੁੱਟ ਵਿੱਚ ਜਿੱਤੇ। 1 ਕਾਂਸੀ ਦਾ ਤਮਗਾ- ਜੈਵਲਿਨ ਥ੍ਰੋ ਵਿੱਚ ਜਿੱਤਿਆ। ਅਮਰਜੀਤ ਸਿੰਘ ਵਿਰਕ, ਜੋ ਕਿ ਭਾਰਤੀ ਫੌਜ ਦੇ ਸਾਬਕਾ ਮੇਜਰ ਰਹਿ ਚੁੱਕੇ ਹਨ, ਨੇ ਆਪਣੀ ਉਮਰ ਵਰਗ (60+) ਵਿੱਚ 1 ਚਾਂਦੀ ਦਾ ਤਮਗਾ ਸ਼ਾਟ ਪੁੱਟ ਵਿੱਚ ਜਿੱਤਿਆ। ਇਹ ਪਿਓ-ਪੁੱਤਰ ਦੀ ਜੋੜੀ ਨੇ ਸਿਰਫ਼ ਆਪਣੇ ਪਰਿਵਾਰ ਦਾ ਹੀ ਨਹੀਂ, ਸਗੋਂ ਸਾਰੇ ਫਰਿਜ਼ਨੋ ਖੇਤਰ ਅਤੇ ਪੰਜਾਬੀ ਭਾਈਚਾਰੇ ਦਾ ਵੀ ਸਿਰ ਮਾਣ ਨਾਲ ਉੱਚਾ ਕੀਤਾ ਹੈ। ਇਸ ਦੌਰਾਨ ਐਥਲੀਟ ਗੁਰਬਖਸ਼ ਸਿੰਘ ਸਿੱਧੂ ਨੇ ਕਿਹਾ ਕਿ ਸਾਡੇ ਵੱਲੋਂ ਦੋਹਾਂ ਨੂੰ ਦਿਲੋਂ ਮੁਬਾਰਕਬਾਦ ਹੈ। ਰੱਬ ਇਹਨਾਂ ਨੂੰ ਤੰਦਰੁਸਤ ਅਤੇ ਚੜ੍ਹਦੀ ਕਲਾ ਵਿੱਚ ਰੱਖੇ ਅਤੇ ਇਹ ਇਸੇ ਤਰ੍ਹਾਂ ਸਾਰੀ ਸਿੱਖ ਕੌਮ ਦਾ ਨਾਮ ਵਿਦੇਸ਼ਾਂ ਵਿਚ ਰੌਸ਼ਨ ਕਰਦੇ ਰਹਿਣ।

## ਕੰਪਿਊਟਰ ਦੇ ਧਨੰਤਰ ਕਿਰਪਾਲ ਸਿੰਘ ਪੰਨੂੰ ਨੂੰ ਕੈਨੇਡੀਅਨ ਅਵਾਰਡ

ਕਿਰਪਾਲ ਸਿੰਘ ਪੰਨੂੰ ਦਾ ਜਨਮ 25 ਮਾਰਚ 1936 ਨੂੰ ਰਾੜਾ ਸਾਹਿਬ ਨੇੜੇ ਪਿੰਡ ਕਟਾਹਰੀ ਵਿਚ ਹੋਇਆ ਸੀ। ਬਰੈਂਪਟਨ ’ਚ ਰਹਿੰਦੇ ਪੰਜਾਬ ਬਿਜਲੀ ਬੋਰਡ ਦੇ ਰਿਟਾਇਰ ਚੀਫ ਇੰਜਨੀਅਰ ਈਸ਼ਰ ਸਿੰਘ ਨੇ ਉਸ ਦੀ ਨਿਸ਼ਕਾਮ ਸੇਵਾ ਦਾ ਵੇਰਵਾ ਅੰਗਰੇਜ਼ੀ ਵਿਚ ਡਰਾਫਟ ਕਰ ਕੇ ਓਨਟਾਰੀਓ ਸਰਕਾਰ ਦੇ ਧਿਆਨ ਵਿਚ ਲਿਆਂਦਾ ਤਾਂ ਸਰਕਾਰ ਨੇ ਪੰਨੂੰ ਨੂੰ ‘ਓਨਟਾਰੀਓ ਸੀਨੀਅਰਜ਼ ਅਚੀਵਮੈਂਟ ਅਵਾਰਡ’ ਦੇਣ ਦਾ ਐਲਾਨ ਕੀਤਾ। ਪੰਜਾਬੀ ਪਿਆਰਿਆਂ ਨੂੰ ਖੁਸ਼ੀ ਹੈ ਕਿ ਪੰਜਾਬੀ ਦੇ ਕੰਪਿਊਟਰੀਕਰਨ ਵਿਚ ਪ੍ਰਦਾਨ ਕੀਤੀਆਂ ਸੇਵਾਵਾਂ ਲਈ 25 ਜੂਨ 2025 ਨੂੰ ਓਨਟਾਰੀਓ ਸਰਕਾਰ ਵੱਲੋਂ ਕਿਰਪਾਲ ਸਿੰਘ ਪੰਨੂੰ ਨੂੰ ਸਨਮਾਨਿਤ ਕੀਤਾ ਗਿਆ। ਸਨਮਾਨ ਦੇਣ ਦੀ ਰਸਮ ਗਵਰਨਰ ਹਾਊਸ ਵਿਚ ਓਨਟਾਰੀਓ ਦੀ ਮਾਣਯੋਗ ਗਵਰਨਰ ਨੇ ਨਿਭਾਈ।




ਪੰਜਾਬੀ ਭਾਈਚਾਰੇ ਵਿਚ ਪੰਨੂੰ ਨੂੰ ਕੋਈ ‘ਕੰਪਿਊਟਰ ਦਾ ਭਾਈ ਘਨੱਈਆ’ ਕਹਿੰਦਾ ਹੈ ਤੇ ਕੋਈ ‘ਕੰਪਿਊਟਰ ਦਾ ਧੰਨਾ ਜੱਟ’। ਉਸ ਨੇ ਹਲ ਤੋਂ ਹਾਕੀ ਤੇ ਕਾਰਬਾਈਨ ਤੋਂ ਕੰਪਿਊਟਰ ਤਕ ਦਾ ਸਫ਼ਰ ਤੈਅ ਕੀਤਾ ਹੈ। ਉਹਦੀ ਉਮਰ ਬੇਸ਼ਕ ਨੱਬਿਆਂ ਨੂੰ ਢੁੱਕ ਚੁੱਕੀ ਹੈ ਪਰ ਉਹਦੇ ਵਲੰਟੀਅਰੀ ਕੰਪਿਊਟਰੀ ਕਾਰਜਾਂ ਵਿਚ ਕੋਈ ਕਮੀ ਨਹੀਂ ਆਈ। ਖੂੰਡੀ ਫੜ ਕੇ ਅਜੇ ਵੀ ਉਹ ਮਸਤ ਚਾਲੇ ਪਿਆ ਹੋਇਐ। 2011 ’ਚ ਉਸ ਦੇ 75ਵੇਂ ਜਨਮ ਦਿਵਸ ’ਤੇ ਉਸ ਨੂੰ ਅਭਿਨੰਦਨ ਗ੍ਰੰਥ ‘ਕੰਪਿਊਟਰ ਦਾ ਧਨੰਤਰ’ ਭੇਟ ਕੀਤਾ ਗਿਆ ਤਾਂ ਕਿਸੇ ਨੇ ਸੋਚਿਆ ਵੀ ਨਹੀਂ ਸੀ ਕਿ ਉਹ ਕੈਨੇਡਾ ਦੀ ਓਨਟਾਰੀਓ ਸਰਕਾਰ ਵੱਲੋਂ ਵੀ ਨਿਵਾਜਿਆ ਜਾਵੇਗਾ। ਪੰਨੂੰ ਨੇ ਬਚਪਨ ਵਿਚ ਡੰਗਰ ਚਾਰੇ ਤੇ ਪੱਠਾ ਦੱਥਾ ਕੀਤਾ। 1947 ਦੀ ਵੱਢ-ਟੁੱਕ ਆਪਣੀ ਅੱਖੀਂ ਵੇਖੀ। (ਬਾਕੀ ਪੰਨਾ 4 ’ਤੇ)

# DESH VIDESH

## Book Review: My Spiritual Voyage Through Word Divine by S.J.S. Pal

My Spiritual Voyage Through Word Divine by S.J.S. Pal is a comprehensive and thoughtful exploration of the spiritual, philosophical, and poetic essence of Sikhism's central scripture. Drawing on years of study and devotion, Pal presents a scholarly yet accessible interpretation of the Sikh holy text that speaks to both newcomers and seasoned students of Gurbani.




The book stands out for its systematic approach. Each Shabad is contextualized, translated, and explained with clarity. Pal not only provides the literal meaning of the verses but also delves into their deeper spiritual significance, exploring the themes of divine love, inner transformation, ego, and liberation. He remains grounded in the traditional Sikh ethos, while also relating the timeless wisdom of the Guru Granth Sahib to contemporary human challenges.

One of the strengths of Pal's book is his emphasis on the oneness of God and the universal message of the Gurus. He avoids sectarian interpretations and instead focuses on the unifying spirit of the text. His references to other scriptures, history, and relevant Sikh traditions enhance the reader's understanding without overshadowing the primary message of the Gurus.

Language-wise, the book is lucid and respectful of the sacred text. Though deeply analytical, it avoids becoming overly academic, maintaining a devotional tone throughout. The effort to maintain the spiritual integrity of Gurbani while making it understandable to a modern audience is commendable.

This Book serves as a valuable resource for those seeking to internalize the teachings of Guru Granth Sahib—not just intellectually but spiritually. It can be particularly beneficial for educators, preachers, kirtan performers, and spiritual seekers.

**Verdict:** S.J.S. Pal's My Spiritual Voyage Through Word Divine is an insightful, sincere, and reverent guide to understanding the Sikh scripture. It bridges the gap between scholarly exegesis and heartfelt devotion, making it a worthy addition to any Sikh studies.

**- Chief Editor**

## ਸਤਿਸੰਗਤਿ ਸਤਿਗੁਰ ਚਟਸਾਲ ਹੈ

- ਜਗਤਾਰ ਸਿੰਘ ਜਾਚਕ, ਨਿਊਯਾਰਕ

ਬ੍ਰਹਮ-ਗਿਆਨ ਦੇ ਅੱਖੁਟ-ਭੰਡਾਰ, ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਵਿਖੇ ਸਤਿਸੰਗਤਿ ਊਤਮ ਸਤਿਗੁਰ ਕੇਰੀ, ਉਪਮਾ ਕਰਦਿਆਂ, ਜਿੱਥੇ ਸਤਿਸੰਗਤਿ ਸਤਿਗੁਰ ਧੰਨੁ ਧਨ+ ਧੰਨ ਧੰਨ ਧਨੋ, ਦਾ ਵਿਸਮਾਦੀ-ਗੀਤ ਗਾਇਆ ਹੈ। ਉਥੇ, ਸਤਿਗੁਰੂ ਅਤੇ ਸਤਿਸੰਗੀਆਂ ਦੀ ਸਾਂਝ ਅਤੇ ਮੱਹਤਤਾ ਦਰਸਾਉਦਿਆਂ ਗੁਰੂ ਨੂੰ ਪਾਂਧਾ (ਅਧਿਆਪਕ) ਅਤੇ ਸਾਧਸੰਗਤ ਨੂੰ ਸਤਿਗੁਰੂ ਦੀ ਚਟਸਾਲ (ਪਾਠਸ਼ਾਲਾ) ਦਸਿਆ ਹੈ। ਨਮਰਤਾ ਦੇ ਪੁੰਜ, ਸਾਹਿਬ ਸ਼੍ਰੀ ਗੁਰੂ ਰਾਮਦਾਸ ਜੀ ਮਹਾਰਾਜ ਅਕਾਲ ਪੁਰਖ ਵਾਹਿਗੁਰੂ ਨੂੰ ਸੰਬੋਧਨ ਕਰਕੇ ਆਖਦੇ ਹਨ ਕਿ ਹੇ ਮੇਰੇ ਰਾਮ, ਹੇ ਪ੍ਰਭੂ, ਹੇ ਹਰੀ! ਅਸੀਂ ਤੇਰੇ ਅੰਞਾਣ ਬੱਚੇ ਹਾਂ। ਸ਼ਾਬਾਸੇ ਉਪਦੇਸ਼-ਦਾਤੇ ਸਤਿਗੁਰੂ ਨੂੰ, ਜਿਸ ਨੇ ਹਰਿ-ਨਾਮ ਦਾ ਓਪਿਦੇਸ਼ ਦੇ ਕੇ ਸਾਨੂੰ ਸਿਆਣੇ ਬਣਾ ਦਿੱਤਾ ਹੈ: "ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ॥ ਧੰਨੁ ਧੰਨੁ ਗੁਰੂ ਗੁਰ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸ਼ ਦੇ ਕੀਏ ਸਿਆਣੇ॥" (ਅੰਗ ੧੬੮)



ਸਾਧ ਸੰਗਤ ਸਤਿਗੁਰੂ ਜੀ ਦੀ ਪਠਸ਼ਾਲਾ ਹੈ, ਜਿਸ ਵਿੱਚ ਪਰਮਾਤਮਾ ਦੇ ਗੁਣ ਸਿੱਖੇ ਜਾ ਸਕਦੇ ਹਨ। ਧੰਨ ਹੈ ਉਹ ਜੀਭ, ਜਿਹੜੀ ਪਰਮਾਤਮਾ ਦਾ ਨਾਮ ਜਪਦੀ ਹੈ, ਧੰਨ ਹਨ ਉਹ ਹੱਥ ਜਿਹੜੇ ਸਾਧ ਸੰਗਤ ਦੀ ਸੇਵ ਕਮਾਉਦੇ ਹਨ, ਧੰਨ ਹੈ ਉਹ ਪਾਂਧਾ ਗੁਰੂ ਜਿਸ ਦੀ ਰਾਹੀਂ ਪਰਮਾਤਮਾ ਨੂੰ ਮਿਲ ਕੇ ਉਸ ਦੀ ਸਿਫਤ ਸਲਾਹ ਦੀਆਂ ਗਲਾਂ ਕਰੀਦੀਆਂ ਹਨ: "ਸਤਸੰਗਤਿ ਸਤਿਗੁਰ ਚਟਸਾਲ ਹੈ, ਜਿਤੁ ਹਰਿ ਗੁਣ ਸਿਖਾ॥ ਧੰਨ ਧੰਨ ਸੁ ਰਸਨਾ, ਧੰਨ ਕਰ, ਧੰਨ ਸੁ ਪਾਧਾ ਸਤਿਗੁਰੂ ਜਿਤੁ ਮਿਲਿ ਹਰਿ ਲੇਖਾ ਲਿਖਾ॥" (ਅੰਗ ੧੩੧੬)

(ਬਾਕੀ ਪੰਨਾ 4 'ਤੇ)

# HERITAGE

## ਯੂਰਪ ’ਚ ਯੂਰਪੀ ਪੰਜਾਬੀ ਸਾਹਿਤ ਅਕਾਦਮੀ (EPLA) ਦਾ ਗਠਨ



ਯੂਰਪੀ ਪੰਜਾਬੀ ਲੇਖਕ ਭਾਈਚਾਰੇ ਵਲੋਂ ਪਿਛਲੇ ਕਈ ਸਾਲਾਂ ਤੋਂ ਪੰਜਾਬੀ ਸਾਹਿਤ ਅਤੇ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਯੂਰਪ ਵਿਚ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਜਿਸ ਦੇ ਸੰਦਰਭ ਵਿੱਚ ਯੂਰਪੀ ਪੰਜਾਬੀ ਕਾਨਫ਼ਰੰਸਾਂ ਤੇ ਸਾਂਝੀਆਂ ਇਕੱਤਰਤਾਵਾਂ ਵੀ ਕੀਤੀਆਂ ਗਈਆਂ। ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਯੂਰਪੀ ਮੁਲਕਾਂ ਵਿੱਚ ਪੰਜਾਬੀ ਸਾਹਿਤ ਅਤੇ ਬੋਲੀ ਲਈ ਸਾਂਝਾ ਮੰਚ ਉਸਾਰ ਕੇ ਇਸ ਖਿੱਤੇ ਵਿੱਚ ਪੰਜਾਬੀ ਸਾਹਿਤ ਅਤੇ ਪੰਜਾਬੀ ਬੋਲੀ ਦੇ ਪ੍ਰਚਾਰ, ਪ੍ਰਸਾਰ ਅਤੇ ਬੇਹਤਰੀ ਲਈ ਪੰਜਾਬੀ ਸਾਹਿਤ ਅਕਾਦਮੀ ਦਾ ਗਠਨ ਕੀਤਾ ਗਿਆ ਹੈ। ਇਸ ਸੰਗਠਨ ਨੂੰ ਯੂਰਪੀ ਪੰਜਾਬੀ ਲਿਟਰੇਰੀ ਅਕਾਡਮੀ (EPLA) ਦਾ ਨਾਮ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਇਸਦੇ ਸਬੰਧ ਵਿੱਚ ਸਰਗਰਮ ਯੂਰਪੀ ਪੰਜਾਬੀ ਲੇਖਕਾਂ ਵਲੋਂ ਇਟਲੀ, ਜਰਮਨ ਅਤੇ ਬਰਤਾਨੀਆ ਵਿੱਚ ਕਾਫੀ ਸਮੇਂ ਤੋਂ ਸਾਂਝੀਆਂ ਇੱਕਤਰਤਾਵਾਂ ਕੀਤੀਆਂ ਗਈਆਂ ਤੇ ਫ਼ੈਸਲਾ ਲਿਆ ਗਿਆ। ਸਰਬ ਸੰਮਤੀ ਨਾਲ ਹੋਏ ਇਸ ਸਾਹਿਤਿਕ ਅਕਾਦਮੀ ਦੇ ਗਠਨ ਵਿੱਚ ਬਲਵਿੰਦਰ ਸਿੰਘ ਚਾਹਲ (ਯੂਕੇ) ਨੂੰ ਪ੍ਰਧਾਨ, ਮੀਤ ਪ੍ਰਧਾਨ ਵਜੋਂ ਗੁਰਪ੍ਰੀਤ ਕੌਰ ਗਾਇਦੂ (ਗ੍ਰੀਸ) ਅਤੇ ਰੂਪ ਦਵਿੰਦਰ ਕੌਰ (ਯੂਕੇ), ਦਲਜਿੰਦਰ ਸਿੰਘ ਰਹਿਲ (ਇਟਲੀ) ਜਰਨਲ ਸਕੱਤਰ, ਅਮਜਦ ਆਰਫੀ (ਜਰਮਨ) ਖਜ਼ਾਨਾ ਮੰਤਰੀ ਅਤੇ ਪ੍ਰੋ. ਜਸਪਾਲ ਸਿੰਘ ਨੂੰ ਮੁੱਖ ਸਲਾਹਕਾਰ ਦੀਆਂ ਸੇਵਾਵਾਂ ਵਜੋਂ ਨਿਯੁਕਤ ਕੀਤਾ ਗਿਆ ਹੈ। ਜਲਦੀ ਹੀ ਇਸ ਸੰਗਠਨ ਵੱਲੋਂ ਵਿਸ਼ਵ ਭਰ ਵਿੱਚ ਵੱਸਦੇ ਪੰਜਾਬੀ ਚਿੰਤਕਾਂ, ਬੁੱਧੀਜੀਵੀਆਂ ਅਤੇ ਸਾਹਿਤ ਸਭਾਵਾਂ ਤੇ ਸੰਸਥਾਵਾਂ ਨਾਲ ਸਲਾਹ ਮਸ਼ਵਰਾ ਕਰਕੇ ਯੂਰਪ ਵਿੱਚ ਪੰਜਾਬੀ ਸਾਹਿਤ ਅਤੇ ਪੰਜਾਬੀ ਬੋਲੀ ਦੀ ਬੇਹਤਰੀ ਲਈ ਕਾਰਜ ਅਰੰਭੇ ਜਾਣਗੇ।

## ਬੇ ਏਰੀਆ ਸੀਨੀਅਰ ਗੇਮਜ਼-2025 ’ਚ ਪੰਜਾਬੀ ਸੀਨੀਅਰ ਖਿਡਾਰੀਆਂ ਦੀ ਸ਼ਾਨਦਾਰ ਪ੍ਰਾਪਤੀ




ਫਰਿਜ਼ਨੋ ਤੋਂ 6 ਅਤੇ ਮਾਂਟੇਕਾ ਤੋਂ 1 ਸੀਨੀਅਰ ਐਥਲੀਟਾਂ ਨੇ ਮਿਲ ਕੇ ਬੇ ਏਰੀਆ ਸੀਨੀਅਰ ਗੇਮਜ਼-2025 ਟ੍ਰੈਕ ਐਂਡ ਫੀਲਡ ਮੁਕਾਬਲਿਆਂ ਵਿੱਚ ਪੰਜਾਬੀ ਭਾਈਚਾਰੇ ਦੀ ਨੁਮਾਇੰਦਗੀ ਕੀਤੀ। ਇਹ ਮੁਕਾਬਲੇ ਸਾਨ ਮਟੇਇਏ ਸਿਟੀ ਕਾਲਜ ਦੇ ਐਥਲੈਟਿਕ ਸਟੇਡੀਅਮ ਵਿੱਚ ਹੋਏ ਜੋ ਕਿ ਸਾਨ ਫਰਾਂਸਿਸਕੋ ਏਅਰਪੋਰਟ ਤੋਂ ਲਗਭਗ 15 ਮੀਲ ਦੱਖਣ ਵੱਲ ਸਥਿਤ ਹੈ। ਇਸ ਇਵੈਂਟ ਵਿੱਚ ਕੈਲੀਫੋਰਨੀਆ ਭਰ ਤੋਂ 100 ਤੋਂ ਵੱਧ ਸੀਨੀਅਰ ਐਥਲੀਟਾਂ ਨੇ ਆਪਣੇ-ਆਪਣੇ ਉਮਰ ਵਰਗਾਂ ਵਿੱਚ ਹਿੱਸਾ ਲਿਆ। ਸਾਡੇ 7 ਪੰਜਾਬੀ ਖਿਡਾਰੀਆਂ ਦੀ ਟੀਮ ਨੇ ਕੁੱਲ 30 ਤਮਗੇ ਜਿੱਤੇ, ਜੋ ਕਿ ਬੇਹੱਦ ਮਾਣ ਦੀ ਗੱਲ ਹੈ।

## U.S. Plans to Revoke Citizenship of Naturalized Citizens

The U.S. Department of Justice under the Trump administration has intensified efforts to revoke the citizenship of certain naturalized Americans. A recently released memo directs government attorneys to prioritize cases involving individuals who obtained citizenship through fraud, false information, or concealed facts. The memo allows civil proceedings to strip individuals of their citizenship if it was acquired unlawfully. Shockingly, this move could potentially impact around 25 million people—those who immigrated to the U.S. and became citizens after being born abroad, as per 2023 data. Targeted individuals include those involved in war crimes, human rights violations, gang activity, or financial and medical fraud, as well as those who lied on immigration forms. If proven guilty in civil court, these individuals may lose their citizenship without the protections typically offered in criminal cases.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰੂ ਕੇ ਲੰਗਰ ਦਾ ਕੀ ਭਾਵ ਹੈ?**

a. ਸਿਖਾਂ ਨੂੰ ਸੇਵਾ ਦੀ ਜਾਚ ਸਿਖਾਉਣਾ
b. ਊਚ ਨੀਚ ਛੂਤ ਛਾਤ ਮਿਟਾਉਣਾ
c. ਪੈਸੇ ਦਾ ਦਿਖਾਵਾ
d. A ਅਤੇ B ਦੋਵੇਂ

**2. ਪਰਿਵਾਰਕ ਝਗੜਿਆਂ ਦਾ ਕਾਰਣ ਕੀ ਹੈ?**

A. ਸਾਡਾ ਅੰਹਕਾਰ B. ਸਾਡੇ ਵਿਕਾਰ
C. ਸਾਡਾ ਲੋਭ D. ਉਪਰੋਕਤ ਸਾਰੇ ਹੀ

**3. ਜਦੋਂ ਗੁਰੂ ਰਾਮਦਾਸ ਸਾਹਿਬ ਜੀ ਗੋਇੰਦਵਾਲ ਸਾਹਿਬ ਛੱਡ ਕੇ ਅੰਮ੍ਰਿਤਸਰ ਆਏ ਤਾਂ ਉਸ ਵੇਲੇ ਅੰਮ੍ਰਿਤਸਰ ਕਿਸ ਨਾਮ ਨਾਲ ਜਾਣਿਆ ਜਾਂਦਾ ਸੀ?**

A. ਰਾਮਦਾਸਪੁਰ B. ਅੰਬਰਸਰ
C. ਗੁਰੂ ਕਾ ਚੱਕ D. ਨਾਨਕ ਪੁਰਾ

**4. ਕਿਸੀ ਵੀ ਬਾਣੀ ਦੇ ਕਿਤਨੇ ਪਾਠ ਦੀ ਗਿਣਤੀ ਯੋਗ ਹੈ?**

A. 21 B. 40
C. 101 D. ਬਿਨਾ ਗਿਣੇ ਵਿਚਾਰ ਕੇ ਕਰਨਾ

**5. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਿਰੀਰਾਗ ਵਿੱਚ ਇਹਨਾਂ ਵਿੱਚੋ ਕਿਹੜੇ ਭਗਤ ਸਾਹਿਬਾਨ ਦੀ ਬਾਣੀ ਦਰਜ ਨਹੀਂ ਹੈ?**

A. ਭਗਤ ਕਬੀਰ ਜੀ B. ਭਗਤ ਧੰਨਾ ਜੀ
C. ਭਗਤ ਤ੍ਰਿਲੋਚਨ ਜੀ D. ਭਗਤ ਬੇਣੀ ਜੀ

(ਦੇਖੋ ਉੱਤਰ ਪੰਨਾ 4 ’ਤੇ)

## ਸਤਿਸੰਗਤਿ ਸਤਿਗੁਰ ਚਟਸਾਲ ਹੈ

ਸੋ ਉਪਰੋਕਤ ਬਚਨਾ ਤੋਂ ਸਪਸ਼ਟ ਹੈ ਕਿ ਗੁਰਸਿਖਾਂ ਨੇ ਗੁਰਮਤਿ ਦੁਆਰਾ ਹਿਰਦੇ ਅੰਦਰ ਨਾਮ ਦੇ ਪਰਗਾਸ ਵਾਸਤੇ ਹਰਿ-ਗੁਣ ਸਿੱਖਣ ਲਈ ਸਤਸੰਗਤਿ ਵਿਖੇ ਸ਼ਰਧਾ ਸਹਿਤ ਨਿਤਨੇਮ ਨਾਲ ਇਉਂ ਜਾਣਾ ਹੈ, ਜਿਵੇਂ ਇੱਕ ਵਿਦਿਆਰਥੀ ਵਿਦਿਆ ਪ੍ਰਾਪਤੀ ਲਈ ਸਕੂਲ ਜਾਂ ਪਾਠਸ਼ਾਲਾ ਜਾਂਦਾ ਹੈ। ਜੇਕਰ ਕੋਈ ਵਿਦਿਆਰਥੀ ਸਕੂਲ ਜਾਣ ਉਪਰੰਤ ਅਧਿਆਪਕ ਨੂੰ ਨਮਸ਼ਕਾਰ ਕਰਕੇ, ਜਾਂ ਉਸ ਦੀ ਕੁਰਸੀ ਦੀ ਪਰਕਰਮਾ ਕਰਕੇ ਵਾਪਸ ਪਰਤ ਆਏ। ਪ੍ਰੰਤੂ, ਕਲਾਸ ਵਿੱਚ ਬੈਠ ਕੇ ਧਿਆਨ ਪੂਰਵਕ ਸੰਥਿਆ ਨਾ ਲਵੇ ਜਾਂ ਨਾ ਸੁਣੇ ਤਾਂ ਉਹ ਵਿਦਿਅਕ ਖੇਤਰ ਵਿੱਚ ਸਫਲਤਾ ਦੀਆਂ ਸ਼ਿਖਰਾਂ ਨੂੰ ਨਹੀ ਛੋਹ ਸਕਦਾ। ਬਿਲਕੁਲ ਇਸੇ ਤਰਾਂ ਜੇਕਰ ਕੋਈ ਸ਼ਰਧਾਲੂ ਸ਼ਰਧਾ ਨਾਲ ਗੁਰਦੁਆਰੇ ਜਾਵੇ, ਸਤਿਗੁਰੂ ਜੀ ਨੂੰ ਅਦਬ ਸਹਤ ਮੱਥਾ ਟੇਕ ਕੇ ਭੇਟਾ ਅਰਪਣ ਕਰੇ, ਪਰਕਰਮਾ ਕਰਨ ਉਪਰੰਤ ਵਾਪਸ ਪਰਤੇ। ਪਰ ਸਾਧ ਸੰਗਤਿ ਵਿੱਚ ਬੈਠ ਕੇ ਗੁਰਬਾਣੀ ਪਾਠ, ਕਥਾ-ਕੀਰਤਨ ਨਾ ਸੁਣੇ, ਨਾ ਗਾਵੈ, ਨਾ ਵੀਚਾਰੈ ਤਾਂ ਉਹ ਕਦੇ ਵੀ ਵਿਕਾਰਾਂ ਤੋ ਮੁਕਤ ਹੋ ਕੇ ਆਤਮਿਕ ਅਨੰਦ ਨਹੀ ਮਾਣ ਸਕਦਾ।

ਜਿਹੜਾ ਜਿਹੜਾ ਮਨੁੱਖ ਪਰਮਾਤਮਾ ਦੀ ਸਿਫਤਿ ਸਾਲਾਹ ਉਚਾਰਦਾ ਹੈ ਸੁਣਦਾ ਹੈ, ਉਸਦੀ ਖੋਟੀ ਮਤ ਦਾ ਨਾਸ ਹੋ ਜਾਂਦਾ ਹੈ, ਉਸ ਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ: "ਜੋ ਜੋ ਕਥੈ ਸੁਨੈ ਹਰਿ ਕੀਰਤਨ, ਤਾ ਕੀ ਦੁਰਮਤਿ ਨਾਸ॥ ਸਗਲ ਮਨੋਰਥ ਪਾਵੈ ਨਾਨਕ ਪੂਰਨ ਹੋਵੈ ਆਸ॥" (ਅੰਗ ੧੩੦੦)

ਸਤਿਸੰਗ ਸਮੇਂ ਸ਼ਰਧਾਲੂਆਂ ਵਲੋਂ ਨਿਤਨੇਮ ਜਾਂ ਸੁਖਮਨੀ ਸਾਹਿਬ ਆਦਿਕ ਬਾਣੀਆਂ ਦਾ ਪਾਠ ਕਰਨ ਦਾ ਰੁਝਾਨ ਪਹਿਲਾਂ ਤਾਂ ਵਧੇਰੇ ਕਰਕੇ ਇਤਿਹਾਸਕ ਗੁਰ-ਅਸਥਾਨਾਂ ਤੇ ਹੀ ਦਿਸਦਾ ਸੀ। ਪਰ, ਹੁਣ ਇਹ ਪਰਪਾਟੀ ਦੇਖੋ-ਦੇਖੀ ਹੋਰ ਵੀ ਕਈ ਗੁਰਦਵਾਰਿਆਂ ਵਿਖੇ ਫੈਲ ਰਹੀ ਹੈ। ਸਤਿਸੰਗ ਸਮੇਂ ਅਜਿਹਾ ਵਿਹਾਰ ਸ਼੍ਰੋਮਣੀ ਗੁਰਦੁਵਾਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਿਤ ਪੰਥ ਪ੍ਰਵਾਣਿਤ ਸਿੱਖ ਰਹਿਤ ਮਰਯਾਦਾ ਦੇ ਪੰਨਾ ੧੩ ਉਪਰ ਅੰਕਤ ਇਸ ਧਾਰਾ ਦੀ ਉਲੰਘਣਾ ਵੀ ਹੈ ਕਿ 'ਸੰਗਤ ਵਿੱਚ ਇੱਕ ਵਕਤ ਇੱਕੋ ਗਲ ਹੋਣੀ ਚਾਹੀਏ- ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ। ਹਾਂ! ਜੇ ਕਰ ਗੁਰਦਵਾਰੇ ਵਿੱਚ ਕਥਾ- ਕੀਰਤਨ ਜਾਂ ਵਖਿਆਨ ਨਾ ਹੋ ਰਿਹਾ ਹੋਵੇ ਤਾਂ ਕੋਈ ਵੀ ਸ਼ਰਧਾਲੂ ਨਿਤਨੇਮ ਦੀ ਬਾਣੀ ਜਾਂ ਸੁਖਮਨੀ ਆਦਿਕ ਕਿਸੇ ਵੀ ਬਾਣੀ ਦਾ ਪਾਠ ਕਰ ਸਕਦਾ ਹੈ। ਕਈ ਸਜਣਾਂ ਦਾ ਵਿਚਾਰ ਹੈ ਕਿ ਗੁਰਦਵਾਰਾ ਕਮੇਟੀਆਂ ਨੂੰ ਐਸੇ ਨਿਤ-ਨੇਮੀਆਂ ਲਈ ਵਖਰੇ ਕਮਰੇ ਬਣਾ ਦਿੱਤੇ ਜਾਣੇ ਚਾਹੀਦੇ ਹਨ ਤਾਂ ਜੋ ਕਥਾ-ਕੀਰਤਨ ਵਿੱਚ ਵਿਘਨ ਨ ਪਵੇ। ਪਰ, ਅਜਿਹੀ ਢਿੱਲ ਦੇਣ ਨਾਲ ਨੁਕਸਾਨ ਇਹ ਹੋਵੈਗਾ ਕਿ ਸ਼ਰਧਾਲੂ-ਜਨ ਦੇਖੋ ਦੇਖੀ ਗੁਟਕੇ ਲੈ ਕੇ ਕਮਰਿਆਂ ਵਿੱਚ ਬੈਠ ਜਾਣਗੇ ਅਤੇ ਦੀਵਾਨ ਹਾਲ ਖਾਲੀ ਹੋਣ ਲੱਗ ਜਾਣਗੇ। ਸਾਨੂੰ ਭੁਲਣਾ ਨਹੀ ਚਾਹੀਦਾ ਕਿ ਗੁਰਦੁਆਰੇ ਦਾ ਮੁੱਖ ਮਕਸਦ ਗੁਰਬਾਣੀ ਵਿਚਾਰ ਤੇ ਗੁਰਇਤਿਹਾਸ ਦੁਆਰਾ ਗੁਰਮਤਿ ਵਿਚਾਰਧਾਰਾ ਨੂੰ ਪ੍ਰਚਾਰਨਾ ਤੇ ਪ੍ਰਸਾਰਨਾ ਹੈ। ਇਸ ਲਈ ਸਮੂਹ ਸਿੱਖ ਸੰਸਥਾਂਵਾਂ, ਗ੍ਰੰਥੀ, ਪ੍ਰਚਾਰਕਾਂ ਅਤੇ ਕੀਰਤਨੀਏ ਸਿੰਘਾਂ ਦਾ ਫਰਜ਼ ਬਣਦਾ ਹੈ ਕਿ ਉਹ ਸਿੱਖ ਸੰਗਤਾਂ ਨੂੰ ਸਤਿਸੰਗ ਦੀ ਮਰਯਾਦਾ ਪ੍ਰਤੀ ਜਾਗਰੁਕ ਕਰਦੇ ਰਹਿਣ ਤਾਂ ਜੋ ਗੁਰਦੁਆਰਿਆਂ ਵਿੱਚੋ ਅਗਿਆਨਤਾ ਤੇ ਅੰਧ ਵਿਸਵਾਸ਼ ਅਧੀਨ ਹੋਣ ਵਾਲੀਆਂ ਅਜਿਹੀਆਂ ਬਿਪਰਵਾਦੀ ਰੀਤਾਂ ਦਾ ਅਭਾਵ ਹੋ ਸਕੇ।

◆◆◆◆◆

## ਕੰਪਿਊਟਰ ਦੇ ਧਨੰਤਰ ਕਿਰਪਾਲ ਸਿੰਘ ਪੰਨੂੰ...

1988 ਵਿਚ ਨੌਕਰੀ ਤੋਂ ਅਗਾਊਂ ਰਿਟਾਇਰਮੈਂਟ ਲੈ ਕੇ, ਟੋਰਾਂਟੋ ਪਹੁੰਚ ਗਿਆ। ਉਥੇ ਆਪਣੇ ਬੱਚਿਆਂ ਤੋਂ ਕੰਪਿਊਟਰ ਦੀ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਉਪਰੰਤ ਆਪਣੀ ਸਾਰੀ ਵਿਹਲ ਤੇ ਪ੍ਰਤਿਭਾ ਕੰਪਿਊਟਰ ਦੀ ਕਾਰੀਗਰੀ ਕਰਨ ਵਿਚ ਝੋਕ ਦਿੱਤੀ।

ਉਹ ਕੰਪਿਊਟਰ ਦੇ ਪੰਜਾਬੀਕਰਨ ਦਾ ਛੁਪਿਆ ਰੁਸਤਮ ਨਿਕਲਿਆ। ਕਈ ਸੈਂਕੜਿਆਂ ਨੇ ਉਸ ਤੋਂ ਕੰਪਿਊਟਰ ਦੀ ਮੁਫ਼ਤ ਸਿੱਖਿਆ ਲਈ। ਇਸ ਵਲੰਟੀਅਰ ਕਾਰਜ ਵਿਚ ਉਸ ਨੇ ਦੋ ਦਹਾਕੇ ਨਿਸ਼ਕਾਮ ਸੇਵਾ ਨਿਭਾਈ। ਇਹ ਉਸ ਦੀ ਭਗਤੀ ਹੈ ਤੇ ਤਪੱਸਿਆ ਹੈ ਜੋ ਸਾਧੂ ਸੁਭਾਅ ਪੰਨੂੰ ਪਿਛਲੇ ਪੱਚੀ ਤੀਹ ਸਾਲਾਂ ਤੋਂ ਕਰਦਾ ਆ ਰਿਹੈ। ਕਿਰਪਾਲ ਸਿੰਘ ਪੰਨੂੰ ਸਾਡੇ ਦਰਮਿਆਨ ਕੰਪਿਊਟਰ ਦਾ ਐਸਾ ਸਿਰੜੀ ਹੈ ਜੋ ਆਪਣੇ ਹੀ ਤੇਸੇ ਨਾਲ ਪਹਾੜ ਕੱਟਣ ਕੰਮ ਕਰ ਰਿਹਾ। ਧੰਨ ਹੈ ਉਸ ਦੀ ਲਗਨ ਤੇ ਸਲਾਮ ਹੈ ਉਸ ਦੇ ਸਿਰੜ ਨੂੰ ਕਿ ਇਕੱਲਾ ਹੀ ਰਾਹ ਬਣਾਈ ਤੁਰਿਆ ਜਾ ਰਿਹੈ।

ਕਈ ਵਾਰ ਇਹ ਸੋਚ ਕੇ ਸ਼ਰਮਿੰਦਗੀ ਹੁੰਦੀ ਹੈ ਕਿ ਸਾਡੀਆਂ ਪੰਜਾਬ ਸਰਕਾਰਾਂ ਤੇ ਪੰਜਾਬੀ ਸੰਸਥਾਵਾਂ ਪੰਜਾਬੀ ਹੀਰਿਆਂ ਦੀ ਓਨੀ ਕਦਰ ਨਹੀਂ ਪਾਉਂਦੀਆਂ ਜੋ ਕਦਰ ਕੈਨੇਡਾ ਜਾਂ ਕੁਝ ਹੋਰ ਮੁਲਕਾਂ ਦੀਆਂ ਸਰਕਾਰਾਂ ਤੇ ਸੰਸਥਾਵਾਂ ਪਾ ਰਹੀਆਂ ਹਨ। ਪੰਜਾਬੀ ਪਿਆਰੇ ਕੈਨੇਡਾ ਦੀ ਓਨਟਾਰੀਓ ਸਰਕਾਰ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਸਾਡੇ ਭੁੱਲੇ ਵਿਸਰੇ ਕੰਪਿਊਟਰ ਦੇ ਧਨੰਤਰ ਵਲੰਟੀਅਰ ਪੰਨੂੰ ਦੀ ਕਦਰ ਪਾਈ।

ਪੰਨੂੰ ਨਿਸ਼ਕਾਮ ਸੇਵਕ ਹੈ। ਪੰਜਾਬੀ ਫੌਂਟਾਂ ਦਾ ਉਸ ਨੇ ਲੰਗਰ ਲਾ ਰੱਖਿਆ ਹੈ। ਉਹਦੀ ਸੇਵਾ ਭਾਈ ਘਨੱਈਏ ਵਰਗੀ ਹੈ। ਜੋ ਜੀਅ ਆਵੇ ਸੋ ਰਾਜ਼ੀ ਜਾਵੇ। ਜੇ ਉਹ ਚਾਹੁੰਦਾ ਤਾਂ ਗੁਰਮੁਖੀ-ਸ਼ਾਹਮੁਖੀ ਦੇ ਸਭ ਤੋਂ ਪਹਿਲਾਂ ਤਿਆਰ ਕੀਤੇ ਕਨਵਰਸ਼ਨ ਟੂਲ ਨਾਲ ਜੇਬਾਂ ਭਰ ਸਕਦਾ ਸੀ ਪਰ ਪੰਨੂੰ ਪੈਸੇ ਕਮਾਉਣ ਦੀ ਜਿੱਲ੍ਹਣ ਵਿਚ ਨਹੀਂ ਖੁੱਭਾ ਤੇ ਇਹੋ ਕਾਰਨ ਹੈ ਕਿ ਉਹ ਕੰਪਿਊਟਰ ਦਾ ਭਾਈ ਘਨੱਈਆ ਵੱਜਦਾ ਹੈ। ◆◆


## SIKH MATRIMONIALS

Gursikh Boy 29/5'8"/ Working in EY,UK/52K GBP/ Masters in Actuarial Management from City Univ. Of London. Contact 9810197878

Gursikh match for boy 46 years 5'9"/ issuless divorcee UuS green card holder, own business, well settled in New York Contact Amandeep Singh Kohli+1 (347) 445-1072

Gursikhgirl26/5'/Philosophy(H)DU,DiplomaGeorge Brown College, Toronto/ Working /Family got PR in 2022 settled Vancouver/ Contact+91 9810196404

Suitable match for Gursikh girl with strong roots in Sikhi 27 /5'5" Graduated from New York Institute of Technology College of Osteopathic Medicine. Contact +91 98997 07357


ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. D 3. C 4. D 5. B

Chief Editor: Dr. Harjinder Singh Editor: Dr. Davinder Singh Designer: Pavit Singh

Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555